ਜੇ ਤੁਸੀਂ ਪਹਿਲਾਂ ਵੀ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦਿੱਤਾ ਹੈ ਜਾਂ ਜੇ ਤੁਹਾਡਾ ਬੱਚਾ ਕੁੱਖ ਵਿਚ ਪੁੱਠਾ ਹੋਇਆ ਹੈ ਤਾਂ ਤੁਸੀਂ ਇਹ ਸੋਚ ਸਕਦੇ ਹੋ ਕਿ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦੇਣਾ ਹੀ ਤੁਹਾਡੀ ਇਕ ਚੋਣ ਹੈ।

ਅਸਲ ਵਿਚ, ਬਹੁਤ ਸਾਰੀਆਂ ਔਰਤਾਂ ਸੁਰੱਖਿਅਤ ਤਰੀਕੇ ਨਾਲ ਬੱਚੇ ਨੂੰ ਕੁਦਰਤੀ ਜਨਮ ਦੇ ਸਕਦੀਆਂ ਹਨ ਜੇ ਉਹ ਅਜਿਹਾ ਕਰਨਾ ਚਾਹੁੰਦੀਆਂ ਹੋਣ।

ਆਪਣੇ ਅਤੇ ਆਪਣੇ ਬੱਚੇ ਲਈ ਜਨਮ ਦੀ ਸਭ ਤੋਂ ਬਿਹਤਰ ਅਤੇ ਸੁਰੱਖਿਅਤ ਚੋਣ ਦੀ ਵਿਉਂਤ ਵਿਚ ਮਦਦ ਲਈ ਬੀ ਸੀ ਵਿਮਨਜ਼ ਦੇ ਬੈੱਸਟ ਬਰਥ ਕਲੀਨਿਕ ਵਿਖੇ ਜਣੇਪਾ ਮਾਹਰਾਂ ਨਾਲ ਗੱਲ ਕਰੋ।

Power TO PUSH CAMPAIGN

ਆਪਣੀਆਂ ਚੋਣਾਂ ਜਾਣੋ, ਫੈਸਲਾ ਆਪਣੇ ਹੱਥ ਲਵੋ।

**ਬੈੱਸਟ ਬਰਥ ਕਲੀਨਿਕ**
**Best Birth Clinic**
BC Women's Hospital & Health Centre
4500 Oak Street
Vancouver, BC  V6H 3N1
ਈਮੇਲ: info@powertopush.ca
ਟੈਲੀਫੋਨ: 604-875-2424 ਐਕਸਟੈਨਸ਼ਨ 6387

→ **www.powertopush.ca/best-birth-clinic**

ਬੀ ਸੀ ਵਿਮਨਜ਼ ਕੈਨੇਡਾ ਦੇ ਸਭ ਤੋਂ ਬਿਜ਼ੀ ਜਣੇਪਾ ਹਸਪਤਾਲਾਂ ਵਿੱਚੋਂ ਇਕ ਹੈ ਅਤੇ ਬੀ ਸੀ ਵਿਚ ਇੱਕੋ ਇਕ ਸਥਾਨ ਹੈ ਜਿਹੜਾ ਮੁੱਖ ਤੌਰ 'ਤੇ ਔਰਤਾਂ, ਨਵਜੰਮੇ ਬੱਚਿਆਂ ਅਤੇ ਪਰਿਵਾਰਾਂ ਦੀ ਸਿਹਤ ਲਈ ਸਮਰਪਿਤ ਹੈ। ਸੂਬਾਈ ਸਿਹਤ ਸੇਵਾਵਾਂ ਦੀ ਅਥਾਰਟੀ ਦੀ ਇਕ ਏਜੰਸੀ ਵਜੋਂ ਬੀ ਸੀ ਵਿਮਨਜ਼ ਇਲਾਜ, ਖੋਜ ਅਤੇ ਪੜ੍ਹਾਈ ਵਿਚ ਉੱਤਮਤਾ ਲਈ ਵਚਨਬੱਧ ਹੈ।

[Punjabi]

Best BIRTH CLINIC

ਆਪਣੀਆਂ ਚੋਣਾਂ ਜਾਣੋ, ਫੈਸਲਾ ਆਪਣੇ ਹੱਥ ਲਵੋ।

# → ਪਹਿਲਾਂ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦਿੱਤਾ ਹੈ? ਬੱਚਾ ਪੁੱਠਾ ਹੋਇਆ ਹੈ?

**Previous Cesarean?**
**Breech baby?**



**www.powertopush.ca**

ਬੀ ਸੀ ਦੇ ਔਰਤਾਂ ਦੇ ਹਸਪਤਾਲ ਦਾ ਇਕ ਪ੍ਰੋਜੈਕਟ






## → ਬੈੱਸਟ ਬਰਥ ਕਲੀਨਿਕ

ਬੈੱਸਟ ਬਰਥ ਕਲੀਨਿਕ, ਉਨ੍ਹਾਂ ਗਰਭਵਤੀ ਔਰਤਾਂ ਨੂੰ ਜਾਣਕਾਰੀ ਅਤੇ ਡਾਕਟਰੀ ਸਲਾਹ ਦਿੰਦਾ ਹੈ ਜਿਹੜੀਆਂ ਇਹ ਵਿਚਾਰ ਕਰ ਰਹੀਆਂ ਹੋਣ ਕਿ ਕੀ ਉਨ੍ਹਾਂ ਲਈ ਬੱਚੇ ਨੂੰ ਕੁਦਰਤੀ ਤਰੀਕੇ ਨਾਲ ਜਨਮ ਦੇਣਾ ਜਾਂ ਅਪਰੇਸ਼ਨ ਨਾਲ (ਸੀਜ਼ੇਰੀਅਨ) ਜਨਮ ਦੇਣਾ ਬਿਹਤਰ ਹੋਵੇਗਾ।

ਇਸ ਵਿਚ ਸ਼ਾਮਲ ਹਨ:

- ਉਹ ਔਰਤਾਂ ਜਿਨ੍ਹਾਂ ਨੇ ਪਹਿਲਾਂ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦਿੱਤਾ ਹੈ;
- ਉਹ ਔਰਤਾਂ ਜਿਨ੍ਹਾਂ ਨੇ ਪਹਿਲਾਂ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦਿੱਤਾ ਹੈ;
- ਜਿਹੜੀਆਂ ਔਰਤਾਂ ਗੈਰ-ਡਾਕਟਰੀ ਕਾਰਨਾਂ ਕਰਕੇ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦੇਣ ਬਾਰੇ ਵਿਚਾਰ ਕਰ ਰਹੀਆਂ ਹਨ।

ਵੈਨਕੂਵਰ ਵਿਚ ਬੀ ਸੀ ਦੇ ਔਰਤਾਂ ਦੇ ਹਸਪਤਾਲ ਅਤੇ ਹੈਲਥ ਸੈਂਟਰ ਵਿਚ ਸਥਿਤ ਇਸ ਕਲੀਨਿਕ ਵਿਚ ਜਣੇਪੇ ਨਾਲ ਸੰਬੰਧਿਤ ਤਜਰਬੇਕਾਰ ਮਾਹਰ ਹਨ ਜੋ ਜਣੇਪੇ ਦੇ ਸਬੰਧ ਵਿਚ ਔਰਤਾਂ ਦੀਆਂ ਚੋਣਾਂ ਦੀ ਮਦਦ ਕਰਨ ਲਈ ਵਚਨਬੱਧ ਹਨ। ਉਹ ਔਰਤਾਂ ਨੂੰ ਸਭ ਤੋਂ ਵਧੀਆ ਖੋਜ ਉਪਰ ਆਧਾਰਿਤ ਮੁਕੰਮਲ ਅਤੇ ਇਕਸਾਰ ਜਾਣਕਾਰੀ ਦਿੰਦੇ ਹਨ।

ਕਲੀਨਿਕ ਦਾ ਮਕਸਦ ਜਾਣਕਾਰੀ ਲੈ ਕੇ ਚੋਣਾਂ ਕਰਨ ਵਿਚ ਔਰਤਾਂ ਦੀ ਇਹ ਮਦਦ ਕਰਨਾ ਹੈ ਕਿ ਉਹ ਆਪਣਾ ਬੱਚਾ ਕਿਵੇਂ ਪੈਦਾ ਕਰਨਾ ਚਾਹੁੰਦੀਆਂ ਹਨ।

ਬੈੱਸਟ ਬਰਥ ਕਲੀਨਿਕ ਬਾਰੇ ਹੋਰ ਜਾਣਨ ਲਈ ਬੀ ਸੀ ਵਿਮਨਜ਼ ਦੇ ਵੈੱਬਸਾਈਟ **www.powertopush.ca/best-birth-clinic** 'ਤੇ ਜਾਉ।

## ਜੇ ਤੁਸੀਂ ਪਹਿਲਾਂ ਵੀ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦਿੱਤਾ ਹੈ

ਖੋਜ ਦੀ ਇਕ ਵੱਡੀ ਮਾਤਰਾ ਇਹ ਸਪਸ਼ਟ ਰੂਪ ਵਿਚ ਦਿਖਾਉਂਦੀ ਹੈ ਕਿ ਕੁਦਰਤੀ ਤਰੀਕੇ ਨਾਲ ਬੱਚੇ ਨੂੰ ਜਨਮ ਦੇਣਾ ਉਨ੍ਹਾਂ ਬਹੁਤ ਸਾਰੀਆਂ ਔਰਤਾਂ ਲਈ ਇਕ ਚੰਗੀ ਚੋਣ ਹੈ ਜਿਨ੍ਹਾਂ ਨੇ ਪਹਿਲਾਂ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦਿੱਤਾ ਹੈ। ਬਹੁਤ ਸਾਰੇ ਕੇਸਾਂ ਵਿਚ, ਅਪਰੇਸ਼ਨ ਨਾਲ ਜਨਮ ਦੇਣ ਤੋਂ ਬਾਅਦ ਕੁਦਰਤੀ ਤਰੀਕੇ ਨਾਲ ਜਨਮ ਦੇਣਾ (ਜਿਸ ਨੂੰ ਵੀ ਬੀ ਏ ਸੀ ਆਖਿਆ ਜਾਂਦਾ ਹੈ) ਮਾਂ ਅਤੇ ਬੱਚੇ ਦੋਨਾਂ ਲਈ ਇਕ ਸੁਰੱਖਿਅਤ ਚੋਣ ਹੈ।

ਬੈੱਸਟ ਬਰਥ ਕਲੀਨਿਕ ਵਿਖੇ ਜਣੇਪਾ ਮਾਹਰ ਇਹ ਬਿਹਤਰ ਚੋਣ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਜਾਣਕਾਰੀ ਅਤੇ ਸਲਾਹ-ਮਸ਼ਵਰਾ ਦੇ ਸਕਦੇ ਹਨ ਕਿ ਤੁਸੀਂ ਆਪਣਾ ਬੱਚਾ ਕਿਵੇਂ ਪੈਦਾ ਕਰਨਾ ਚਾਹੁੰਦੇ ਹੋ।

## ਜੇ ਤੁਹਾਡਾ ਬੱਚਾ ਕੁੱਖ ਵਿਚ ਪੁੱਠਾ ਹੋਇਆ ਹੈ

ਇਸ ਵੇਲੇ ਕੁੱਖ ਵਿਚ ਪੁੱਠੇ ਹੋਏ (ਬੱਚੇਦਾਨੀ ਵਿਚ ਸਿਰ ਥੱਲੇ ਨੂੰ ਹੋਣ ਦੀ ਬਜਾਏ ਸਿਰ ਉਪਰ ਨੂੰ ਹੋਣਾ) ਬਹੁਤੇ ਬੱਚੇ ਅਪਰੇਸ਼ਨ ਰਾਹੀਂ ਪੈਦਾ ਕੀਤੇ ਜਾਂਦੇ ਹਨ। ਪਰ, ਜੇ ਤੁਸੀਂ ਚਾਹੁੰਦੇ ਹੋਵੋ ਤਾਂ ਤੁਹਾਡੇ ਕੋਲ ਕੁਦਰਤੀ ਤਰੀਕੇ ਨਾਲ ਜਨਮ ਦੇਣ ਲਈ ਵਿਉਂਤਬੰਦੀ ਕਰਨ ਦੀ ਚੋਣ ਹੋ ਸਕਦੀ ਹੈ। ਜਨਮ ਤੋਂ ਪਹਿਲਾਂ ਬੱਚੇ ਦਾ ਸਿਰ ਥੱਲੇ ਨੂੰ ਕਰਨਾ, ਜਾਂ ਪੁੱਠੀ ਹਾਲਤ ਵਿਚ ਹੀ ਯੋਨੀ ਰਾਹੀਂ ਬੱਚੇ ਦੀ ਡਲਿਵਰੀ ਕਰਨਾ ਸੰਭਵ ਹੋ ਸਕਦਾ ਹੈ।

## ਜੇ ਤੁਸੀਂ ਗੈਰ-ਡਾਕਟਰੀ ਕਾਰਨਾਂ ਕਰਕੇ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦੇਣ ਬਾਰੇ ਵਿਚਾਰ ਕਰ ਰਹੇ ਹੋ

ਤੁਸੀਂ ਆਪਣੇ ਸਰੋਕਾਰਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਅਤੇ ਕੁਦਰਤੀ ਤਰੀਕੇ ਅਤੇ ਅਪਰੇਸ਼ਨ ਨਾਲ ਜਨਮ ਦੇਣ ਦੇ ਖਤਰਿਆਂ ਅਤੇ ਫਾਇਦਿਆਂ ਬਾਰੇ ਸਬੂਤਾਂ 'ਤੇ ਆਧਾਰਿਤ ਤਾਜ਼ਾ ਜਾਣਕਾਰੀ ਲੈਣ ਲਈ ਰਜਿਸਟਰਡ ਕਲਿਨੀਕਲ ਕੌਂਸਲਰ ਨਾਲ ਅਪੌਇੰਟਮੈਂਟ ਬਣਾ ਸਕਦੇ ਹੋ।

## ਅਪੌਇੰਟਮੈਂਟ ਬਣਾਉਣਾ

ਤੁਹਾਡਾ ਡਾਕਟਰ ਜਾਂ ਮਿਡਵਾਈਫ ਤੁਹਾਨੂੰ ਬੈੱਸਟ ਬਰਥ ਕਲੀਨਿਕ ਕੋਲ ਭੇਜ ਸਕਦੇ ਹਨ ਜਾਂ ਜੇ ਤੁਸੀਂ ਪਹਿਲ ਦਿੰਦੇ ਹੋਵੋ ਤਾਂ ਤੁਸੀਂ ਕਲੀਨਿਕ ਨੂੰ ਸਿੱਧਾ ਫੋਨ ਕਰ ਸਕਦੇ ਹੋ। ਜਿਹੜੀਆਂ ਔਰਤਾਂ ਵੈਨਕੂਵਰ ਤੋਂ ਬਾਹਰ ਰਹਿੰਦੀਆਂ ਹਨ ਅਤੇ ਹੋਰ ਜਾਣਕਾਰੀ ਲੈਣਾ ਚਾਹੁੰਦੀਆਂ ਹੋਣ ਤਾਂ ਅਪੌਇੰਟਮੈਂਟ ਬਣਾਉਣ ਲਈ ਉਨ੍ਹਾਂ ਦਾ ਵੀ ਸੁਆਗਤ ਹੈ।

ਜੇ ਤੁਹਾਨੂੰ ਅੰਗਰੇਜ਼ੀ ਦੇ ਤਰਜਮੇ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਕਿਸੇ ਸਹੇਲੀ ਨੂੰ ਅਪੌਇੰਟਮੈਂਟ 'ਤੇ ਲੈ ਕੇ ਆਉ ਜੋ ਤੁਹਾਡੇ ਲਈ ਤਰਜਮਾ ਕਰ ਸਕਦਾ ਹੋਵੇ।

ਬੈੱਸਟ ਬਰਥ ਕਲੀਨਿਕ ਨਾਲ 604-875-2424 ਐਕਸਟੈਨਸ਼ਨ 6387 'ਤੇ ਸੰਪਰਕ ਕਰੋ।